# ਬਾਰਾਂ ਸਾਲਾਂ ਦੀਆ ਲੱਸੀਆਂ ਤੇ ਰੋਟੀਆਂ

ਆ ਲੈ ਮਾਏਂ ਸਾਂਭ ਰਤਨੋ
ਬਾਰਾਂ ਸਾਲਾਂ ਦੀਆ ਲੱਸੀਆਂ ਤੇ ਰੋਟੀਆਂ, ਆ ਲੈ ਮਾਏਂ ਸਾਂਭ ਰਤਨੋ

ਬੋਹੜ ਥੱਲੇ ਬਹਿ ਕੇ ੳ ਮਾਤਾ ਲਿਆ ਨਾਮ ਰੱਬ ਦਾ
ਭਗਤਾਂ ਤੇ ਫੱਕਰਾਂ ਨੂੰ ਏਹੀੳ ਕੰਮ ਫੱਬਦਾ
ੳ ਗੱਲਾਂ ਦੱਸਾਂਗਾ ਪੁਜਾਈ ਨਾਲ ਮੋਟੀਆਂ, ਆ ਲੈ ਮਾਏਂ ਸਾਂਭ ਰਤਨੋ
ਬਾਰਾਂ ਸਾਲਾਂ ਦੀਆ ਲੱਸੀਆਂ ਤੇ ਰੋਟੀਆਂ, ਆ ਲੈ ਮਾਏਂ ਸਾਂਭ ਰਤਨੋ

ਭੁੱਖਾ ਰਹਿ ਕੇ ਮਾਤਾ ੳ ਗਊਆਂ ਤੇਰੀਆ ਮੈਂ ਚਾਰੀਆਂ
ਫੇਰ ਵੀ ਤੂੰ ਮਈਆ ਮੈਨੂ ਬੋਲੀਆਂ ਹੀ ਮਾਰੀਆਂ
ਹੁਣ ਚਾਰਾਂਗਾ ਨਾ ਤੇਰੀਆਂ ਮੈਂ ਝੋਟੀਆ, ਆ ਲੈ ਮਾਏਂ ਸਾਂਭ ਰਤਨੋ
ਬਾਰਾਂ ਸਾਲਾਂ ਦੀਆ ਲੱਸੀਆਂ ਤੇ ਰੋਟੀਆਂ, ਆ ਲੈ ਮਾਏਂ ਸਾਂਭ ਰਤਨੋ

ਫਰਜ਼ ਸੀ ਤੇਰਾ ਜੇਹੜਾ ਦਿਤਾ ਓਹ ਨਿਭਾਈ
ਛੱਡ ਮੇਰਾ ਪੱਲਾ ੳ ਮਾਤਾ ਘਰ ਆਪਣੇ ਜਾਈ
ੳ ਗੱਲਾਂ ਕੀਤੀਆਂ ਤੂੰ ਸਾਡੇ ਨਾਲ ਖੋਟੀਆਂ, ਆ ਲੈ ਮਾਏਂ ਸਾਂਭ ਰਤਨੋ
ਬਾਰਾਂ ਸਾਲਾਂ ਦੀਆ ਲੱਸੀਆਂ ਤੇ ਰੋਟੀਆਂ, ਆ ਲੈ ਮਾਏਂ ਸਾਂਭ ਰਤਨੋ

https://bhajanganga.com/bhajan/lyrics/id/1185/title/bara-saala-diya-lassiya-te-rotian-aa-lai-maye-saamb-ratno

अपने Android मोबाइल पर BhajanGanga App डाउनलोड करें और भजनों का आनंद ले |